# ਦਫਤਰ ਜਿਲ੍ਹਾ ਸਿਖਿਆ ਅਫਸਰ (ਸੈ.ਸਿ) ਅੰਮ੍ਰਿਤਸਰ

***ਈ.ਮੇਲ:*** deoseamritsar@gmail.com ***ਫੋਨ ਅਤੇ ਫੈਕਸ ਨੰਬਰ:*** 0183-2225896

Website: **deoseasr.org** ਰਾਹੀਂ

ਵੱਲ

ਸਮੂਹ ਕਲੱਸਟਰ ਮੁੱਖੀ
ਸਰਕਾਰੀ ਸੀਨੀ.ਸੈਕੰ.ਸਕੂਲ,
ਜਿਲ੍ਹਾ ਅੰਮ੍ਰਿਤਸਰ।

ਪੱਤਰ ਨੰ : ਜੀ-5/2016- 5050
ਮਿਤੀ :- 22-12-2016

ਵਿਸ਼ਾ ਰਾਜ ਦੇ ਸਮੂਹ ਸਕੂਲਾਂ ਵਿੱਚ ਪੰਜਾਬੀ ਦੀ ਪੜ੍ਹਾਈ ਅਤੇ ਬੋਲਣ ਤੇ ਪਾਬੰਦੀ ਬਾਰੇ

ਹਵਾਲਾ ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:), ਪੰਜਾਬ ਦੇ ਪੱਤਰ ਦੇ ਮੀਮੋ ਨੰ: 10/32-2014ਸੈ.ਸਿ.(3) ਮਿਤੀ ਐਸ.ਏ.ਐਸ.ਨਗਰ 06-12-2016 ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਅਤੇ ਹਵਾਲੇ ਦੇ ਸਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਪੰਜਾਬ ਸਰਕਾਰ ਵੱਲੋਂ ਸਾਰੇ ਗੈਰ ਸਰਕਾਰੀ ਸਕੂਲਾਂ ਵਿੱਚ ਸਾਲ 2008 ਵਿੱਚ **ਪੰਜਾਬੀ ਦੀ ਪੜ੍ਹਾਈ ਲਈ ਇੱਕ ਲਾਜ਼ਮੀ ਵਿਸ਼ਾ** ਐਕਟ ਪਾਸ ਕਰਨ ਮਗਰੋਂ ਵਿਧਾਨਕ ਅਤੇ ਕਾਨੂੰਨੀ ਵਿਭਾਗ ਵੱਲੋਂ ਮਿਤੀ 22-10-2008 ਸਬੰਧੀ ਜਾਰੀ ਨੋਟੀਫਿਕੇਸ਼ਨ ਦੀ ਧਾਰਾ 3(1) ਅਨੁਸਾਰ ਪੰਜਾਬੀ ਵਿਸ਼ੇ ਦੀ ਪੜ੍ਹਾਈ ਨੂੰ ਪਹਿਲੀ ਤੋਂ ਦਸਵੀਂ ਸ਼੍ਰੇਣੀ ਤੱਕ ਲਾਜ਼ਮੀ ਕਰਾਰ ਦਿੱਤਾ ਗਿਆ ਹੈ ਅਤੇ ਧਾਰਾ 3(2) ਅਨੁਸਾਰ ਕੋਈ ਵੀ ਸੰਸਥਾ ਜਾਂ ਬੋਰਡ ਕਿਸੇ ਵੀ ਵਿਦਿਆਰਥੀ ਨੂੰ 10ਵੀਂ ਦਾ ਸਰਟੀਫਿਕੇਟ ਜਾਰੀ ਨਹੀਂ ਕਰੇਗਾ ਜਦੋਂ ਤੱਕ ਵਿਦਿਆਰਥੀ 10ਵੀਂ ਸ੍ਰੇਣੀ ਵਿੱਚ ਪੰਜਾਬੀ ਵਿਸ਼ਾ ਪਾਸ ਨਹੀਂ ਕਰੇਗਾ ਨੂੰ ਅਜੇ ਤੱਕ ਲਾਗੂ ਨਹੀਂ ਕੀਤਾ ਜਾ ਰਿਹਾ।

ਇਸ ਸਬੰਧੀ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪ ਆਪਣੇ ਕਲੱਸਟਰ ਦੇ ਅਧੀਨ ਆਉਂਦੇ ਗੈਰ ਸਰਕਾਰੀ ਸਕੂਲਾਂ ਦੀ ਮਿਤੀ 23-12-2016 ਤੱਕ ਇਸ ਸਬੰਧੀ ਚੈਕਿੰਗ ਕੀਤੀ ਜਾਵੇ ਅਤੇ ਚੈਕਿੰਗ ਦੌਰਾਨ ਹੇਠ ਲਿਖੇ ਨੁਕਤੇ ਧਿਆਨ ਵਿੱਚ ਰੱਖੇ ਜਾਣ।

1. ਕੀ ਪੰਜਾਬੀ ਵਿਸ਼ੇ ਦੀਆਂ ਕਿਤਾਬਾਂ ਤੇ ਕਾਪੀਆਂ ਲਗਾਈਆਂ ਗਈਆਂ ਹਨ।
2. ਕੀ ਟਾਈਮ ਟੇਬਲ ਵਿੱਚ ਪੰਜਾਬੀ ਅਤੇ ਹਿੰਦੀ ਵਿਸ਼ੇ ਸ਼ਾਮਿਲ ਹਨ।
3. ਕੀ ਇਹਨਾਂ ਭਾਸ਼ਾਵਾਂ ਦੇ ਅਧਿਆਪਕ ਯੋਗਤਾ ਅਨੁਸਾਰ ਨਿਯੁਕਤ ਕੀਤੇ ਗਏ ਹਨ/ਪੜ੍ਹਾ ਰਹੇ ਹਨ।

22-12-16

ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:),
ਅੰਮ੍ਰਿਤਸਰ।

21/12/16